**ਵੇਰਵਾ**

| ਲੜੀ ਨੰ: | ਜ਼ਿਲ੍ਹਾ | ਖਾਲੀ ਸ਼ਨਾਖਤੀ ਕਾਰਡ ਦੀ ਗਿਣਤੀ | ਹੋਲੋਗਰਾਮ ਦੀ ਗਿਣਤੀ | ਵਿਸ਼ੇਸ਼ ਕਥਨ |
|---|---|---|---|---|
| 1 | ਲੁਧਿਆਣਾ | 844 | 6201 ਤੋਂ 7044 ਤੱਕ | – |
| 2 | ਫਰੀਦਕੋਟ | 108 | 7045 ਤੋਂ 7152 ਤੱਕ | – |
| 3 | ਮੋਗਾ | 220 | 7153 ਤੋਂ 7372 ਤੱਕ | – |
| 4 | ਫਿਰੋਜ਼ਪੁਰ | 84 | 7373 ਤੋਂ 7456 ਤੱਕ | – |
| 5. | ਨਵਾਂ ਸ਼ਹਿਰ | 60 | 7457 ਤੋਂ 7516 ਤੱਕ | – |
| 6. | ਜਲੰਧਰ | 330 | 7517 ਤੋਂ 7846 ਤੱਕ | – |
| 7 | ਗੁਰਦਾਸਪੁਰ | 249 | 7847 ਤੋਂ 8095 ਤੱਕ | – |
| 8 | ਮੁਕਤਸਰ | 45 | 8096 ਤੋਂ 8140 ਤੱਕ | – |
| 9 | ਪਟਿਆਲਾ | 1110 | 8141 ਤੋਂ 9250 ਤੱਕ | – |
| 10 | ਫਤਹਿਗੜ੍ਹ ਸਾਹਿਬ | 138 | 9251 ਤੋਂ 9388 ਤੱਕ | – |
| 11 | ਸੰਗਰੂਰ | 150 | 9389 ਤੋਂ 9538 ਤੱਕ | – |
| 12 | ਬਰਨਾਲਾ | 87 | 9539 ਤੋਂ 9625 ਤੱਕ | – |
| 13 | ਹੁਸ਼ਿਆਰਪੁਰ | 390 | 9626 ਤੋਂ 10015 ਤੱਕ | – |
| 14 | ਤਰਨਤਾਰਨ | 108 | 10016 ਤੋਂ 10123 ਤੱਕ | – |
| 15 | ਅੰਮ੍ਰਿਤਸਰ | 327 | 10124 ਤੋਂ 10450 ਤੱਕ | – |
| 16 | ਬਠਿੰਡਾ | 153 | 10451 ਤੋਂ 10603 ਤੱਕ | – |
| 17 | ਮਾਨਸਾ | 192 | 10604 ਤੋਂ 10795 ਤੱਕ | – |
| 18 | ਕਪੂਰਥਲਾ | 153 | 10796 ਤੋਂ 10948 ਤੱਕ | – |
| 19 | ਰੋਪੜ | 191 | 10950 ਤੋਂ 11140 ਤੱਕ | – |
| 20 | ਮੋਹਾਲੀ | 270 | 11141 ਤੋਂ 11410 ਤੱਕ | ਇਸ ਵਿੱਚ ਚੰਡੀਗੜ੍ਹ ਵੀ ਸ਼ਾਮਿਲ ਹੈ। |

Superintendent,
Freedom Fighter Branch,
Punjab Civil Secretariat.

2


ਪੰਜਾਬ ਸਰਕਾਰ

ਆਮ ਰਾਜ ਪ੍ਰਬੰਧ ਵਿਭਾਗ

(ਸੁਤੰਤਰਤਾ ਸੰਗਰਾਮੀ ਸ਼ਾਖਾ)

ਕਮਰਾ ਨੰ:524, 5ਵੀਂ ਮੰਜਿਲ, ਪੰਜਾਬ ਸਿਵਲ ਸਕੱਤਰੇਤ2, ਸੈਕਟਰ 9, ਚੰਡੀਗੜ੍ਹ

ਫੋਨ ਨੰ: 0172-2742243 Ext.419

**Email : suprintendentfreedomfigh[illegible]il.com.**


ਸੇਵਾ ਵਿਖੇ,

ਸਮੂਹ ਡਿਪਟੀ ਕਮਿਸ਼ਨਰਜ,
ਪੰਜਾਬ ਰਾਜ ਵਿੱਚ।

ਮੀਮੋ ਨੰ: 18/50/2012-3ਫਫ/ 786
ਮਿਤੀ, ਚੰਡੀਗੜ੍ਹ: 8-11-13

ਵਿਸ਼ਾ:- ਫਰੀਡਮ ਫਾਈਟਰਾਂ ਅਤੇ ਉਹਨਾਂ ਦੇ ਯੋਗ ਵਾਰਸਾਂ ਨੂੰ ਸ਼ਨਾਖਤੀ ਕਾਰਡ ਜਾਰੀ ਕਰਨ ਬਾਰੇ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ।

2. ਫਰੀਡਮ ਫਾਈਟਰਾਂ ਅਤੇ ਉਹਨਾਂ ਦੇ ਵਾਰਸ ਲੰਮੇ ਸਮੇਂ ਤੋਂ ਇਹ ਮੰਗ ਕਰ ਰਹੇ ਹਨ ਕਿ ਉਹਨਾਂ ਦੀ ਸ਼ਨਾਖਤ ਹੋਣ ਸਬੰਧੀ ਉਹਨਾਂ ਨੂੰ ਸ਼ਨਾਖਤੀ ਕਾਰਡ ਜਾਰੀ ਕੀਤੇ ਜਾਣ ਤਾਂ ਜੋ ਉਹਨਾਂ ਨੂੰ ਸਰਕਾਰੀ ਦਫਤਰਾਂ ਵਿੱਚ ਮਾਨ-ਸਨਮਾਨ ਦਿੱਤਾ ਜਾਇਆ ਕਰੇ ਅਤੇ ਇਹ, ਉਹਨਾਂ ਦੀਆਂ ਸਰਕਾਰੀ ਔਂਕੜਾਂ ਨੂੰ ਵੀ ਸੁਲਝਾਉਣ ਵਿੱਚ ਸਹਾਈ ਹੋਣਗੇ।

3. ਇਸ ਮੰਗ ਤੇ ਸਰਕਾਰ ਨੇ ਗਹੁ ਨਾਲ ਵਿਚਾਰ ਕੀਤਾ ਹੈ ਅਤੇ ਇਹਨਾਂ ਨੂੰ ਸਰਕਾਰੀ ਮਾਨ-ਸਨਮਾਨ ਅਤੇ ਸਨਾਖਤ ਦੇ ਪੱਖੋਂ, ਸ਼ਨਾਖਤੀ ਕਾਰਡ ਜਾਰੀ ਕਰਨ ਦਾ ਫੈਸਲਾ ਲਿਆ ਗਿਆ ਹੈ।

4. ਇਹ ਸ਼ਨਾਖਤੀ ਕਾਰਡ, ਉਨ੍ਹਾਂ ਹੀ ਸੁਤੰਤਰਤਾ ਸੰਗਰਾਮੀਆਂ ਜਾਂ ਉਹਨਾ ਦੇ ਯੋਗ ਵਾਰਸਾਂ ਨੂੰ ਹੀ ਜਾਰੀ ਕੀਤੇ ਜਾਣ ਜੋ ਇਸ ਲਈ ਨਿਰਧਾਰਤ ਸ਼ਰਤਾਂ ਪੂਰੀਆਂ ਕਰਦੇ ਹੋਣ ਜਿਵੇਂ ਕਿ ਸੁਤੰਤਰਤਾ ਸੰਗਰਾਮੀ, ਬਕਾਇਦਾ ਭਾਰਤ/ਪੰਜਾਬ ਸਰਕਾਰ ਦੀ ਪੈਨਸ਼ਨ ਲੈਂਦਾ ਹੋਵੇ। ਫਰੀਡਮ ਫਾਈਟਰ ਦੇ ਵਾਰਸਾਂ ਨੂੰ ਸ਼ਨਾਖਤੀ ਕਾਰਡ ਜਾਰੀ ਕਰਨ ਦੇ ਬਾਰੇ ਵਿੱਚ ਉਹਨਾਂ ਨੂੰ ਫਰੀਡਮ ਫਾਈਟਰ ਸਰਟੀਫਿਕੇਟ ~~ਆਦਿ~~ ਜਾਰੀ ਹੋਇਆ ਹੋਵੇ।

5. ਜਦੋਂ ਸੁਤੰਤਰਤਾ ਸੰਗਰਾਮੀ ਜਾਂ ਉਹਨਾਂ ਦੇ ਵਾਰਸ ਆਪ ਦੇ ਦਫਤਰ ਵਿੱਚ ਕਿਸੇ ਕੰਮ ਲਈ ਆਉਣ ਤਾਂ ਇਹਨਾਂ ਨੂੰ ਬਣਦਾ ਮਾਨ-ਸਨਮਾਨ ਅਤੇ ਸਤਿਕਾਰ ਦਿੱਤਾ ਜਾਵੇ। ਇਸ ਸ਼ਨਾਖਤੀ ਕਾਰਡ ਵਿੱਚ ਹੋਲੋਗਰਾਮ ਲਗਾਉਣ ਤੋਂ ਬਾਅਦ ਬਕਾਇਦਾ ਲੈਮੀਨੇਟ ਕਰਵਾ ਕੇ ਸਬੰਧਤਾਂ ਨੂੰ ਦਿੱਤੇ ਜਾਇਆ ਕਰਨ। ਜਿਲ੍ਹਾ ਵਾਰ ਭੇਜੇ ਜਾ ਰਹੇ ਖਾਲੀ ਸ਼ਨਾਖਤੀ ਕਾਰਡ ਅਤੇ ਹੋਲੋਗਰਾਮ ਦੀ ਗਿਣਤੀ ਪਿਛੇ ਪੰਨੇ ਤੇ ਦਰਸਾਈ ਗਈ ਹੈ।

6. ਸੁਤੰਤਰਤਾ ਸੰਗਰਾਮੀ ਵਿਭਾਗ,ਕਮਰਾ ਨੰ:524, ਪੰਜਾਬ ਸਿਵਲ ਸਕੱਤਰੇਤ-2- ਸੈਕਟਰ-9 ਚੰਡੀਗੜ੍ਹ ਵਿੱਚੋਂ ਇਹ ਖਾਲੀ ਸ਼ਨਾਖਤੀ ਕਾਰਡ ਅਤੇ ਹੋਲੋਗਰਾਮ ਨਿੱਜੀ ਪੱਧਰ ਤੇ ਲੈ ਕੇ ਜਾਣ ਲਈ ਸਬੰਧਤ ਅਧਿਕਾਰੀ ਨੂੰ ਕਿਸੇ ਕੰਮ ਵਾਲੇ ਦਿਨ ਡਿਪਉਟ ਕਰ ਦਿੱਤਾ ਜਾਵੇ। ਜਿਹੜਾ ਵੀ ਅਧਿਕਾਰੀ, ਇਸ ਮੰਤਵ ਲਈ ਭੇਜਿਆ ਜਾਵੇ ਉਸ ਦੇ ਹਸਤਾਖਰ ਤਸਦੀਕ ਕਰਕੇ ਭੇਜੇ ਜਾਣ।

7. ਇਹ ਪੱਤਰ ਮਾਨਯੋਗ, ਮੁੱਖ ਮੰਤਰੀ, ਪੰਜਾਬ ਜੀ ਵੱਲੋਂ ਮਿਸਲ ਨੰ: 18/50/2012-3ਫਫ/ ਵਿੱਚ ਮਿਤੀ 9/2/2013 ਨੂੰ ਦਿੱਤੀ ਪ੍ਰਵਾਨਗੀ ਦੇ ਅਧਾਰ ਤੇ ਜਾਰੀ ਕੀਤਾ ਜਾਂਦਾ ਹੈ।

(ਮਨੋਹਰ ਲਾਲ ਬੈਂਗਣ) 7/11/13
ਸੁਪਰਡੰਟ